# Maharaja Ranjit Singh Punjab Technical University
## Dabwali Road,Bathinda.

(Established by Govt. of Punjab vide Punjab Act No. 5 of 2015 and approved Under Section 2(f) & 12(B) of UGC)


Ref. No. MRSPTU/Estate/20-21/____________ Dated____________

**ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਜੀ.ਜੈਡ.ਐਸ.ਸੀ.ਸੀ.ਈ.ਟੀ ਕੈਂਪਸ ਵਿਖੇ ਖਾਲੀ ਹੋਈਆਂ ਕੰਟੀਨਾਂ ਦੀ ਬੋਲੀ ਬਾਰੇ ਜ਼ਰੂਰੀ ਸ਼ਰਤਾਂ (ਬੋਲੀ ਮਿਤੀ 12-01-2021 ਦਿਨ ਮੰਗਲਵਾਰ)।**

1. ਹਰ ਬੋਲੀਕਾਰ ਮੌਕੇ ਤੇ ਬੋਲੀ ਦੇਣ ਤੋ ਪਹਿਲਾਂ ਰਕਮ 50,000/- ਰੁ: ਬਤੌਰ ਜ਼ਮਾਨਤੀ ਰਕਮ ਵਜੋਂ ਜ਼ਮ੍ਹਾਂ ਕਰਵਾਏਗਾ ਅਤੇ ਇਹ ਜ਼ਮਾਨਤੀ ਰਕਮ ਰਜਿਸਟਰਾਰ, ਐਮ.ਆਰ.ਐਸ.ਪੀ.ਟੀ.ਯੂ, ਬਠਿੰਡਾ ਦੇ ਨਾਮ ਤੇ ਡੀ.ਡੀ ਰਾਹੀਂ ਲਈ ਜਾਵੇਗੀ। ਪਹਿਲੇ ਅਤੇ ਦੂਜੇ ਨੰਬਰ ਦੀ ਬੋਲੀ ਵਾਲੇ ਨੂੰ ਛੱਡ ਕੇ ਬਾਕੀਆਂ ਨੂੰ ਜਮਾਨਤੀ ਰਕਮ ਵਾਪਸ ਕਰ ਦਿੱਤੀ ਜਾਵੇਗੀ। ਦੂਸਰੇ ਨੰਬਰ ਦੇ ਬੋਲੀਕਾਰ ਨੂੰ ਜਮਾਨਤੀ ਰਕਮ ਪਹਿਲੇ ਬੋਲੀਕਾਰ ਵੱਲੋ ਕੰਟੀਨ ਦਾ ਚਾਰਜ ਸੰਭਾਂਲਣ ਉਪਰੰਤ ਵਾਪਿਸ ਕਰ ਦਿੱਤੀ ਜਾਵੇਗੀ। ਸਭ ਤੋ ਵੱਧ ਬੋਲੀ ਦੇਣ ਵਾਲੇ ਨੂੰ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਲੈਣ ਉਪਰੰਤ ਕੰਟੀਨ ਅਲਾਟ ਕਰ ਦਿੱਤੀ ਜਾਵੇਗੀ। ਸਰਕਾਰੀ ਬੋਲੀ ਰੁਪਏ 1000/- ਪ੍ਰਤੀ ਮਹੀਨਾ ਪ੍ਰਤੀ ਕੰਟੀਨ ਨਿਸਚਿਤ ਕੀਤੀ ਗਈ ਹੈ। ਬੋਲੀ ਦੌਰਾਨ ਬੋਲੀਕਾਰ ਤੋਂ ਇਲਾਵਾ ਹੋਰ ਕੋਈ ਵੀ ਵਿਅਕਤੀ ਦੇ ਸਾਮਿਲ ਹੋਣ ਦੀ ਮਨਾਹੀ ਹੋਵੇਗੀ।
2. ਸਫਲ ਬੋਲੀਕਾਰ ਨੂੰ ਕੰਟੀਨ ਦੀ ਤਿੰਨ ਮਹੀਨੇ ਦੇ ਬਰਾਬਰ ਦੀ ਲਾਇਸੰਸ ਫੀਸ ਜਾਂ 25000/- ਰੁਪੈ: ਜੋ ਵੀ ਵੱਧ ਹੋਵੇ, ਬਤੌਰ ਸਕਿਉਰਟੀ ਬੋਲੀ ਤੋ ਸੱਤ ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਉਣੀ ਪਵੇਗੀ।
3. ਕੰਟੀਨ ਦੇ ਕਿਰਾਏ ਅਤੇ ਲਾਇਸੰਸੀ ਫੀਸ ਤੇ 18% ਜੀ.ਐਸ.ਟੀ ਅਲੱਗ ਤੋਂ ਚਾਰਜ ਕੀਤਾ ਜਾਵੇਗਾ।
4. ਇਹ ਬੋਲੀ ਕੰਟੀਨ ਤੇ ਦੋ ਸਾਲ ਤੱਕ ਲਾਗੂ ਰਹੇਗੀ, ਜੇਕਰ ਪ੍ਰਬੰਧਕ ਕੰਟੀਨ ਚਲਾਉਣ ਦੀ ਕਾਰਗੁਜਾਰੀ ਤੋ ਪ੍ਰਭਾਵਿਤ ਹੋਵੇ ਤਾਂ ਲਾਇਸੰਸ ਫੀਸ਼ ਤੇ ਸਕਿਉਰਟੀ ਦੂਜੇ ਸਾਲ ਲਈ 15 ਪ੍ਰਤੀਸ਼ਤ ਵਧਾ ਕੇ ਲਈ ਜਾਵੇਗੀ। ਜੇਕਰ ਕੰਟੀਨ ਦਾ ਠੇਕਾ ਦੋ ਸਾਲ ਤੋਂ ਪਹਿਲਾਂ ਛੱਡਿਆ ਜਾਂਦਾ ਹੈ ਤਾਂ ਆਪ ਦੀ ਸਕਿਉਰਟੀ ਜਬਤ ਕਰ ਲਈ ਜਾਵੇਗੀ। ਦੋ ਸਾਲ ਦੀ ਮਿਆਦ ਪੂਰੀ ਹੋਣ ਉਪਰੰਤ ਲਾਇਸੰਸੀ ਦੀ ਮਿਆਦ ਵਿਚ ਵਾਧਾ ਇੱਕ-ਇੱਕ ਸਾਲ ਲਈ ਦੋ ਵਾਰ ਹੀ ਕੀਤਾ ਜਾਵੇਗਾ, ਪ੍ਰੰਤੂ ਲਾਇਸੰਸ ਫੀਸ਼ ਤੇ ਸਕਿਉਰਟੀ ਮੌਜੂਦਾ ਰੇਟ ਦਾ 15 ਪ੍ਰਤੀਸ਼ਤ ਵਧਾ ਕੇ ਲਿਆ ਜਾਵੇਗਾ। ਕਿਸੇ ਵੀ ਹਾਲਤ ਵਿਚ ਕੰਟੀਨ ਚਾਰ ਸਾਲ ਤੋ ਵੱਧ ਸਮੇ ਲਈ ਨਹੀ ਦਿੱਤੀ ਜਾਵੇਗੀ।
5. ਬਿਜਲੀ ਬਿੱਲ ਲਾਇਸੰਸੀ ਖੁਦ ਅਦਾ ਕਰੇਗਾ।ਬਿਜਲੀ ਦਾ ਮੀਟਰ ਲਾਇਸੰਸੀ ਖੁਦ ਲਵੇਗਾ। ਜੇਕਰ ਮੀਟਰ ਪਹਿਲਾਂ ਹੀ ਲੱਗਾ ਹੋਵੇ ਤਾਂ ਉਸ ਦੀ ਸਕਿਉਰਟੀ ਵਜੋ ਰੁ: 500/— ਹੋਰ ਜ਼ਮ੍ਹਾਂ ਕਰਵਾਏਗਾ। ਮੀਟਰ ਦੀ ਰੀਡਿੰਗ ਕੰਟੀਨ ਦਾ ਕਬਜਾ ਲੈਣ ਸਮੇ ਨੋਟ ਕੀਤੀ ਜਾਵੇਗੀ। ਬਿਜਲੀ ਦਾ ਮੀਟਰ ਲਾਇਸੰਸੀ ਖੁਦ ਪੰਜਾਬ ਰਾਜ ਬਿਜਲੀ ਬੋਰਡ ਤੋ ਚੈੱਕ ਕਰਵਾ ਕੇ ਸੀਲਡ ਅਤੇ ਸਰਟੀਫੀਕੇਟ ਸਮੇਤ ਅਸਟੇਟ ਵਿਭਾਗ ਵਿੱਚ 10 ਦਿਨਾਂ ਦੇ ਅੰਦਰ ਜਮ੍ਹਾ ਕਰਵਾਏਗਾ। ਇਸ ਸਬੰਧੀ ਬਾਅਦ ਵਿੱਚ ਕਿਸੇ ਵੀ ਤਰ੍ਹਾ ਦੀ ਸ਼ਕਾਇਤ ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।
6. ਲਾਇਸੰਸੀ ਵੱਲੋ ਬੋਲੀ ਤੋ ਇਕ ਹਫਤੇ ਦੇ ਅੰਦਰ ਅੰਦਰ ਰੁ: 100/- ਦੇ ਅਸਟਾਮ ਤੇ ਲਾਇਸੰਸੀ ਫੀਸ ਅਤੇ ਹੋਰ ਸ਼ਰਤਾਂ ਬਾਰੇ ਇਸ ਦਫਤਰ ਨਾਲ ਇਕਰਾਰਨਾਮਾ ਕਰਨਾ ਹੋਵੇਗਾ, ਜਿਸ ਦਾ ਖਰਚਾ ਲਾਇਸੰਸੀ ਦਾ ਹੋਵੇਗਾ।
7. ਲਾਇਸੰਸੀ ਕੰਟੀਨ ਵਿਚ ਕਿਸੇ ਕਿਸਮ ਦੀ ਅਦਲਾ ਬਦਲੀ ਕਰਨ ਦਾ ਹੱਕਦਾਰ ਨਹੀ ਹੋਵੇਗਾ।ਅਜਿਹਾ ਕਰਨ ਦੀ ਸੂਰਤ ਵਿਚ ਉਸ ਤੇ ਰਜਿਸਟਰਾਰ/ਸਮੱਰਥ ਅਧਿਕਾਰੀ ਦੇ ਨਾਮਜਦ ਅਧਿਕਾਰੀਆਂ ਵੱਲੋ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
8. ਰਜਿਸਟਰਾਰ/ਸਮੱਰਥ ਅਧਿਕਾਰੀ ਦੇ ਨਾਮਜਦ ਅਧਿਕਾਰੀਆਂ ਨੂੰ ਕੰਟੀਨ ਵਿਚ ਦਾਖਲ ਹੋ ਕੇ ਨਿਰੀਖਣ ਕਰਨ ਦਾ ਪੂਰਾ ਪੂਰਾ ਹੱਕ ਹੋਵੇਗਾ ਅਤੇ ਨਿਰੀਖਣ ਰਿਪੋਰਟ ਸਮੱਰਥ ਅਧਿਕਾਰੀ ਨੂੰ 3 ਦਿਨਾਂ ਦੇ ਅੰਦਰ-ਅੰਦਰ ਸੌਪੀ ਜਾਵੇਗੀ। ਇਸ ਤੋ ਬਿਨਾਂ ਲਾਇਸੰਸੀ ਫੀਸ ਦੀਆਂ ਨਿਰਧਾਰਿਤ ਕਿਸੇ ਵੀ ਤਰ੍ਹਾ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਦੀ ਸੂਰਤ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਕੰਟੀਨ ਖਾਲ੍ਹੀ ਕਰਵਾਉਣ ਦਾ ਪੂਰਾ ਹੱਕ ਹੋਵੇਗਾ।
9. ਲਾਇਸੰਸੀ ਵੱਲੋ ਹਰ ਮਹੀਨੇ ਦੀ 10 ਤਾਰੀਖ ਤੱਕ ਅਡਵਾਂਸ ਲਾਇਸੰਸੀ ਫੀਸ ਯੂਨੀਵਰਸਿਟੀ ਲੇਖਾ ਸ਼ਾਖਾ ਵਿਚ ਜਮ੍ਹਾਂ ਕਰਵਾਉਣੀ ਹੋਵੇਗੀ। ਇਸ ਤੋ ਬਾਅਦ 20/- ਰੁਪਏ ਪ੍ਰਤੀ ਦਿਨ ਜੁਰਮਾਨਾ ਵਸੂਲ ਕੀਤਾ ਜਾਵੇਗਾ। ਜੇਕਰ ਇੱਕ ਮਹੀਨੇ ਤੱਕ ਲਾਈਸੰਸੀ ਜੁਰਮਾਨੇ ਸਮੇਤ ਲਾਇਸੰਸੀ ਫੀਸ ਨਹੀ ਭਰਦਾ ਤਾਂ ਉਸ ਦੀ ਕੰਟੀਨ ਖਾਲ੍ਹੀ ਘੋਸ਼ਿਤ ਕਰਕੇ ਸਮਾਨ ਸਮੇਤ ਸਕਿਉਰਟੀ ਜਬਤ ਕਰ ਲਈ ਜਾਵੇਗੀ।
10. ਸਫਲ ਬੋਲੀਦਾਤਾ ਬੋਲੀ ਦੀ ਮਿਤੀ ਤੋ 20 ਦਿਨਾਂ ਦੇ ਅੰਦਰ ਅੰਦਰ ਕੰਟੀਨ ਲਾਜਮੀ ਚਾਲੂ ਕਰੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਕੋਈ ਯਾਦ ਪੱਤਰ ਨਹੀ ਦਿੱਤਾ ਜਾਵੇਗਾ ਅਤੇ ਸਕਿਉਰਟੀ ਜਬਤ ਕਰ ਲਈ ਜਾਵੇਗੀ ਅਤੇ ਦੋ ਨੰਬਰ ਦੇ ਬੋਲੀਦਾਤਾ ਨੂੰ ਕੰਟੀਨ ਚਾਲੂ ਕਰਨ ਦਾ ਮੌਕਾ ਦੇ ਦਿੱਤਾ ਜਾਵੇਗਾ।
11. ਜੇਕਰ ਬਿਨਾ ਸੂਚਨਾ ਦੇ ਇੱਕ ਹਫਤੇ ਤੋ ਵੱਧ ਸਮਾਂ ਕੰਟੀਨ ਬੰਦ ਰੱਖੀ ਜਾਂਦੀ ਹੈ ਤਾਂ ਕੰਟੀਨ ਖਾਲ੍ਹੀ ਘੋਸ਼ਿਤ ਕਰਕੇ ਸਮਾਨ ਸਮੇਤ ਸਕਿਉਰਟੀ ਜਬਤ ਕਰ ਲਈ ਜਾਵੇਗੀ ਅਤੇ ਪਹਿਲੇ ਬੋਲੀਕਾਰ ਨੂੰ ਬਲੈਕ ਲਿਸਟ ਕਰਦਿਆ ਅੱਗੇ ਤੋ ਬੋਲੀ ਵਿੱਚ ਭਾਗ ਲੈਣ ਦੀ ਮਨਾਹੀ ਹੋਵੇਗੀ।

12. ਕੰਟੀਨ ਦੇ ਚਾਰਜ ਲੈਣ ਜਾਂ ਕਿਸੇ ਕਿਸਮ ਦੇ ਹੋਰ ਮਾਮਲੇ ਜਾਂ ਝਗੜੇ ਸਬੰਧੀ ਰਜਿਸਟਰਾਰ ਦਾ ਫੈਸਲਾ ਸਹੀ ਅਤੇ ਆਖਰੀ ਮੰਨਿਆ ਜਾਵੇਗਾ।

13. ਕੰਟੀਨ ਜਿਸ ਮੰਤਵ ਲਈ ਦਿੱਤੀ ਜਾਵੇਗੀ, ਉਸੇ ਮੰਤਵ ਲਈ ਹੀ ਵਰਤੀ ਜਾਵੇਗੀ ਅਤੇ ਕਿਸੇ ਵੀ ਹਾਲਤ ਵਿਚ ਅੱਗੇ ਸਬਲੈਟ/ਪਾਰਟਨਰਸ਼ਿਪ ਨਹੀਂ ਕੀਤੀ ਜਾਵੇਗੀ। ਅਜਿਹੀ ਸੂਰਤ ਵਿੱਚ ਕੰਟੀਨ ਖਾਲੀ ਕਰਕੇ ਸਮਾਨ ਸਮੇਤ ਸਕਿਊਰਟੀ ਜਬਤ ਕਰ ਲਈ ਜਾਵੇਗੀ।

14. ਰਜਿਸਟਰਾਰ ਨੂੰ ਬਿਨਾਂ ਕਿਸੇ ਕਾਰਨ ਦੱਸੇ ਬੋਲੀ ਪ੍ਰਵਾਨ/ਅਪ੍ਰਵਾਨ ਕਰਨ ਦਾ ਪੂਰਾ ਪੂਰਾ ਹੱਕ ਹੋਵੇਗਾ।

15 ਰਜਿਸਟਰਾਰ ਵੱਲੋ ਕੰਟੀਨ ਖਾਲੀ ਕਰਵਾਉਣ ਲਈ ਦਿੱਤੇ ਨੋਟਿਸ ਅਨੁਸਾਰ ਜਾਂ ਇਸ ਦੇ ਸਮੇ ਦੀ ਮਿਆਦ ਖਤਮ ਹੋਣ ਉਪਰੰਤ ਅਗਰ ਲਾਇਸੰਸੀ ਕੰਟੀਨ ਖਾਲ੍ਹੀ ਨਹੀਂ ਕਰਦਾ ਤਾਂ ਉਸ ਤੋ ਲਾਇਸੰਸੀ ਫੀਸ ਦੀ 20 ਗੁਣਾ ਰਕਮ ਭਰਵਾਈ ਜਾਵੇਗੀ ਅਤੇ ਬਣਦੀ ਯੋਗ ਕਾਰਵਾਂਈ ਕੀਤੀ ਜਾਵੇਗੀ।

16 ਸਫਲ ਬੋਲੀਦਾਤਾ ਕੰਟੀਨ ਤੇ ਬੈਠਣ ਵਾਲੇ ਵਿਅਕਤੀ ਜਿਵੇ ਕਿ ਸੇਲਜ ਮੈਨ ਅਤੇ ਨੌਕਰ ਆਦਿ ਦਾ ਪੂਰਾ ਵੇਰਵਾ ਫੋਟੋ ਸਮੇਤ ਅਸਟੇਟ ਵਿਭਾਗ ਨੂੰ ਪੇਸ਼ ਕਰੇਗਾ।

17 ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵੱਲੋਂ ਲਾਇਸੰਸ ਫੀਸ਼ ਅਤੇ ਸਮਾਨ ਵੇਚਣ ਬਾਰੇ ਲਿਆ ਗਿਆ ਫੈਸਲਾ ਲਾਇਸੰਸੀ ਤੇ ਅੰਤਮ ਤੌਰ ਤੇ ਲਾਗੂ ਹੋਵੇਗਾ।

18 ਵਿਦਿਆਰਥੀਆਂ ਨੂੰ ਕਾਊਟਰ ਤੇ ਬੈਠਣ ਦੀ ਆਗਿਆ ਨਹੀ ਹੋਵੇਗੀ ਅਤੇ ਇਸ ਦੀ ਉਲੰਘਣਾ ਹੋਣ ਦੀ ਸੂਰਤ ਵਿਚ ਲਾਇਸੰਸੀ ਖੁਦ ਜ਼ਿਮੇਵਾਰ ਹੋਵੇਗਾ। ਅਜਿਹੀ ਸ਼ਿਕਾਇਤ ਦੀ ਸੂਰਤ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵੱਲੋ ਕੀਤੀ ਗਈ ਕਾਰਵਾਈ/ਫੈਸਲਾ ਲਾਇਸੰਸੀ ਤੇ ਲਾਗੂ ਹੋਵੇਗਾ।

19 ਵਿਦਿਆਰਥੀਆਂ ਅਤੇ ਸਟਾਫ ਨਾਲ ਲੈਣ ਦੇਣ ਦੇ ਜਾ ਉਧਾਰ ਆਦਿ ਦੇ ਕਿਸੇ ਵੀ ਮਾਮਲੇ ਵਿਚ ਰਜਿਸਟਰਾਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੀ ਕੋਈ ਜ਼ਿਮੇਵਾਰੀ ਨਹੀ ਹੋਵੇਗੀ।

20 ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਵਿੱਚ ਸਕਿਊਰਟੀ ਦੀ ਜੋ ਰਕਮ ਜਮ੍ਹਾਂ ਕਰਵਾਈ ਜਾਵੇਗੀ, ਉਸ ਉਪਰ ਕੋਈ ਵਿਆਜ ਨਹੀ ਦਿੱਤਾ ਜਾਵੇਗਾ।

21 ਸਫਲ ਬੋਲੀਦਾਤਾ ਜੇਕਰ ਕਿਸੇ ਸਮੇ ਵੀ ਕਿਸੇ ਕਿਸਮ ਦਾ ਨਸ਼ਾ ਕਰਦਾ ਹੈ ਜਾਂ ਨਸ਼ਾ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਉਸ ਦੀ ਕੰਟੀਨ ਦੀ ਅਲਾਟਮੈਂਟ ਤੁਰੰਤ ਰੱਦ ਕਰਕੇ ਸਕਿਊਰਟੀ ਜਬਤ ਕਰ ਲਈ ਜਾਵੇਗੀ।

22 ਇਹ ਜ਼ਰੂਰੀ ਹੈ ਕਿ ਬੋਲੀਦਾਤਾ ਦਾ ਵਿਵਹਾਰ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੇ ਪ੍ਰਤੀ ਚੰਗਾ ਹੋਵੇ ਅਤੇ ਗਲਤ ਵਿਵਹਾਰ ਬਾਰੇ ਸ਼ਿਕਾਇਤ ਦੀ ਸੂਰਤ ਵਿਚ ਰਜਿਸਟਰਾਰ ਕੋਲ ਅਧਿਕਾਰ ਹੋਵੇਗਾ ਕਿ ਉਹ ਤੁਰੰਤ ਉਸ ਦੀ ਕੰਟੀਨ ਦੀ ਅਲਾਟਮੈਂਟ ਰੱਦ ਕਰਕੇ ਖਾਲ੍ਹੀ ਕਰਵਾ ਸਕਦਾ ਹੈ।

23. ਸਫਲ ਬੋਲੀਦਾਤਾ ਆਪਣੇ ਚਾਲ-ਚੱਲਣ ਸੰਬਧੀ ਸਰਪੰਚ ਜਾਂ ਮਿਉਸਪਲ ਕੌਂਸਲਰ (ਐਮ.ਸੀ.) ਤੋ ਤਸਦੀਕ ਕਰਵਾ ਕੇ ਇਹ ਸਰਟੀਫੀਕੇਟ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਨੂੰ ਕੰਟੀਨ ਲੈਣ ਤੋ ਤੁਰੰਤ ਬਾਅਦ ਪੇਸ਼ ਕਰੇਗਾ।

24. ਲਾਇਸੰਸੀ ਵੱਲੋ ਕੰਨਟੀਨ ਉੱਪਰ ਸਾਮਾਨ ਮਾਰਕਿਟ ਰੇਟਾਂ ਤੋਂ ਜਿਆਦਾ ਰੇਟ ਤੇ ਨਹੀਂ ਵੇਚਿਆ ਜਾਵੇਗਾ ਅਤੇ ਵੇਚੇ ਜਾਣ ਵਾਲੇ ਸਾਮਾਨ ਦੇ ਰੇਟਾਂ ਦੀ ਲਿਸਟ ਕੰਨਟੀਨ ਦੇ ਬਾਹਰ ਪ੍ਰਕਾਸ਼ਿਤ ਕਰਨੀ ਲਾਜਮੀ ਹੋਵੇਗੀ। ਜੇਕਰ ਮਾਰਕਿਟ ਰੇਟਾਂ ਤੋਂ ਜਿਆਦਾ ਰੇਟ ਤੇ ਸਾਮਾਨ ਵੇਚਦਾ ਪਾਇਆ ਜਾਂਦਾ ਹੈ ਤਾਂ ਉਸ ਸੰਬੰਧਿਤ ਕੰਨਟੀਨ ਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇਗਾ।

25. ਕੰਟੀਨ ਦੇ ਕਿਸੇ ਵੀ ਜਾਨੀ-ਮਾਲੀ ਨੁਕਸਾਨ ਦੀ ਯੂਨੀਵਰਸਿਟੀ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

26. ਲਾਇਸੰਸੀ ਵੱਲੋ ਕੋਵਿਡ-19/ਕੁਦਰਤੀ ਆਫਤ/ਯੂਨੀਵਰਸਿਟੀ ਜਾਂ ਪੰਜਾਬ ਜਾਂ ਕੇਂਦਰ ਸਰਕਾਰ ਵੱਲੋ ਜਾਰੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇਗੀ।

27. ਲਾਇਸੰਸੀ ਵੱਲੋ ਆਪਣੀ ਕੰਟੀਨ ਅਤੇ ਇਸਦਾ ਆਲਾ-ਦੁਆਲਾ ਸਾਫ ਰੱਖਿਆ ਜਾਵੇਗਾ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜੁਰਮਾਨਾ ਲਗਾਇਆ ਜਾਵੇਗਾ।

ਉਪਰੋਕਤ ਸਾਰੀਆਂ ਸ਼ਰਤਾਂ ਦੀ ਇੰਨ ਬਿਨ ਪਾਲਣਾ ਨਾ ਕਰਨ ਦੀ ਸੂਰਤ ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ, ਬਠਿੰਡਾ ਦੇ ਅਧਿਕਾਰੀਆਂ ਵੱਲੋਂ ਕੀਤੀ ਕਾਰਵਾਈ ਅਤੇ ਫੈਸਲਾ ਲਾਇਸੰਸੀ ਤੇ ਤੁਰੰਤ ਲਾਗੂ ਹੋਵੇਗਾ।

ਰਜਿਸਟਰਾਰ,
ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ
ਯੂਨੀਵਰਸਿਟੀ, ਬਠਿੰਡਾ।

MAHARAJA RANJIT SINGH PUNJAB TECHNICAL UNIVERSITY, DABWALI ROAD, BATHINDA.
Ph. No. 87250-72410, Email. xenmrsptu@gmail.com